# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 21 ਅਗਸਤ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਦਾਰਥਵਾਦ 'ਚ ਘਿਰੇ ਮਨੁੱਖ ਦੀ ਦਾਸਤਾਨ ਹੈ ਲਘੂ ਫਿਲਮ 'ਖੁਸ਼ੀਆਂ'

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ




ਸਰੀ, 21 ਅਗਸਤ : ਸਰੀ ਦੇ ਰਹਿਣ ਵਾਲੇ ਨੌਜਵਾਨ ਲੇਖਕ, ਫਿਲਮ ਨਿਰਮਾਤਾ, ਨਿਰਦੇਸ਼ਕ ਰਵੀਇੰਦਰ ਸਿੱਧੂ ਵੱਲੋਂ ਬਣਾਈ ਗਈ ਲਘੂ ਫਿਲਮ 'ਖੁਸ਼ੀਆਂ' ਦਾ ਪ੍ਰੀਮੀਅਰ ਸ਼ੋਅ ਬੀਤੇ ਦਿਨ ਖਾਲਸਾ ਲਾਇਬਰੇਰੀ ਸਰੀ ਵਿਖੇ ਦਿਖਾਇਆ ਗਿਆ। ਇਸ ਸ਼ੋਅ ਦੌਰਾਨ ਫਿਲਮ ਦੇ ਅਦਾਕਾਰਾਂ ਦੀ ਪੂਰੀ ਟੀਮ ਵੀ ਹਾਜਰ ਸੀ।

ਇਸ ਫਿਲਮ ਵਿਚ ਪੈਸੇ ਅਤੇ ਵੱਡੀਆਂ ਵੱਡੀਆਂ ਖ਼ਾਹਿਸ਼ਾਂ ਵਿਚ ਗਲਤਾਨ ਅਜੋਕੇ ਮਨੁੱਖ ਦੀ ਦਾਸਤਾਨ ਨੂੰ ਬਹੁਤ ਹੀ ਖੂਬਸੂਰਤੀ ਨਾਲ ਫਿਲਮਾਇਆ ਗਿਆ ਹੈ। ਵੱਖ ਵੱਖ ਖੇਤਰਾਂ ਵਿਚ ਵਿਚਰਦੇ ਲੋਕਾਂ ਦੀਆਂ ਕਹਾਣੀਆਂ ਰਾਹੀਂ ਦਰਸਾਇਆ ਗਿਆ ਹੈ ਕਿ ਅੱਜ ਲੋਕ ਦਿਖਾਵੇ ਦੀ ਦੌੜ ਵਿਚ ਇਨਸਾਨ ਆਪਣੀਆਂ ਅੰਦਰੂਨੀ ਖੁਸ਼ੀਆਂ ਤੋਂ ਮਹਿਰੂਮ ਹੋ ਰਿਹਾ ਹੈ ਅਤੇ ਮਾਨਸਿਕ ਉਲਝਣਾਂ, ਉਦਾਸੀਆਂ ਦਾ ਸ਼ਿਕਾਰ ਹੋ ਕੇ ਨੀਰਸ ਜ਼ਿੰਦਗੀ ਜਿਉਂ ਰਿਹਾ ਹੈ। ਫਿਲਮ ਵਿਚ ਰਵੀ ਸਿੱਧੂ, ਅੰਗਰੇਜ਼ ਬਰਾੜ, ਨਵਦੀਪ ਗਿੱਲ, ਸੁਖਵਿੰਦਰ ਸੁੱਖੀ ਰੋਡੇ, ਲਵੀ ਪੰਨੂ, ਹਰਮੀਤ ਵਿਰਕ, ਖੁਸ਼ਬੀਰ ਕੌਰ, ਅਮਨ ਅਤੇ ਰਮਨ ਬੱਲ ਨੇ ਆਪੋ ਆਪਣੇ ਕਿਰਦਾਰਾਂ ਨੂੰ ਬਾਖੂਬੀ ਨਿਭਾਇਆ। ਫਿਲਮ ਦੇ ਡਾਇਲਾਗ ਅਤੇ ਸਿਨੇਗ੍ਰਾਫੀ ਵੀ ਬਾਕਮਾਲ।

ਪ੍ਰੀਮੀਅਰ ਸ਼ੋਅ ਵਿਚ ਪਹੁੰਚੇ ਨਾਮਵਰ ਸ਼ਾਇਰ ਜਸਵਿੰਦਰ, ਮੋਹਨ ਗਿੱਲ, ਹਰਦਮ ਮਾਨ, ਲੱਖਾ ਸਿੱਧਵਾਂ, ਗੁਰਦੀਪ ਭੁੱਲਰ, ਹਰਪ੍ਰੀਤ ਲੋਹਚਮ, ਹਰਸ਼ਰਨ ਕੌਰ ਧਾਲੀਵਾਲ, ਜਗਸੀਰ ਬਰਾੜ, ਕੁਲਵਿੰਦਰ ਸਿੰਘ ਕਾਮੇ ਕਾ, ਬਿੰਦਰ ਰੋਡੇ, ਪਰਮਜੀਤ ਸਿੰਘ ਸੇਖੋਂ, ਮਹੇਸ਼ਇੰਦਰ ਮਾਂਗਟ ਨੇ ਇਸ ਫਿਲਮ ਨੂੰ ਘਰ ਘਰ ਦੀ ਕਹਾਣੀ ਦੱਸਿਆ ਅਤੇ ਮੌਜੂਦਾ ਦੌਰ ਵਿਚ ਇਸ ਅਣਗੌਲੇ ਸਮਾਜਿਕ ਪੱਖ ਨੂੰ ਉਜਾਗਰ ਕਰਨ ਲਈ ਨਿਰਮਾਤਾ ਨਿਰਦੇਸ਼ਕ ਰਵੀਇੰਦਰ ਸਿੱਧੂ ਦਾ ਧੰਨਵਾਦ ਕੀਤਾ ਅਤੇ ਸਾਰੇ ਕਲਾਕਾਰਾਂ ਨੂੰ ਵਧੀਆ ਅਭਿਨੈ ਲਈ ਮੁਬਾਰਕਬਾਦ ਦਿੱਤੀ। ਫਿਲਮ ਦੇ ਨਿਰਮਤਾ ਰਵੀਇੰਦਰ ਸਿੱਧੂ ਅਤੇ ਅਦਾਕਾਰਾਂ ਨੇ ਪ੍ਰੀਮੀਅਰ ਸ਼ੋਅ ਵਿਚ ਸ਼ਾਮਲ ਹੋ ਕੇ ਫਿਲਮ ਬਾਰੇ ਆਪਣੇ ਵਿਚਾਰ ਦੇਣ ਲਈ ਸਭਨਾਂ ਮਹਿਮਾਨਾਂ ਦਾ ਧੰਨਵਾਦ ਕੀਤਾ।

## ਨੈਸ਼ਨਲ ਯੂਥ ਕਲੱਬ ਵੱਲੋਂ ਮੁਫ਼ਤ ਆਯੂਸ਼ ਕੈਂਪ ਅੱਜ:ਦਵਿੰਦਰ ਸਿੰਘ/ਡਾ.ਬਲਜੀਤ ਸ਼ਰਮਾ

### ਆਯੁਰਵੈਦ ਅਤੇ ਹੋਮੀਓਪੈਥੀ ਦੇ ਮਾਹਿਰ ਡਾਕਟਰ ਕਰਨਗੇ ਮਰੀਜ਼ਾਂ ਦੀ ਮੁਫ਼ਤ ਜਾਂਚ, ਮੁਫ਼ਤ ਮਿਲਣਗੀਆਂ ਦਵਾਈਆਂ

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ






ਫ਼ਰੀਦਕੋਟ, 21 ਅਗਸਤ : ਪੰਜਾਬ ਸਰਕਾਰ ਅਤੇ ਸਮਾਜ ਸੇਵਾ ਖੇਤਰ 'ਚ ਹਮੇਸ਼ਾ ਮੋਹਰੀ ਰਹਿ ਕੇ ਸ਼ਾਨਦਾਰ ਸੇਵਾ ਕਰਨ ਵਾਲੇ ਨੈਸ਼ਨਲ ਯੂਥ ਕਲੱਬ ਰਜਿ: ਫ਼ਰੀਦਕੋਟ ਵੱਲੋਂ ਮੁਫ਼ਤ ਆਯੂਸ਼ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੈਸ਼ਨਲ ਯੂਥ ਕਲੱਬ ਦੇ ਪ੍ਰਧਾਨ ਦਵਿੰਦਰ ਸਿੰਘ ਪੰਜਾਬ ਮੋਟਰਜ਼ ਅਤੇ ਸਕੱਤਰ ਡਾ.ਬਲਜੀਤ ਸ਼ਰਮਾ ਗੋਲੇਵਾਲਾ ਨੇ ਦੱਸਿਆ ਕਿ 21 ਅਗਸਤ ਨੂੰ ਆਯੁਰਵੈਦਿਕ ਅਤੇ ਹੋਮੀਓਪੈਥੀ ਕੈਂਪ 'ਚ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਚੈੱਕਅੱਪ ਕੀਤਾ ਜਾਵੇਗਾ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਆਯੁਰਵੈਦਿਕ ਅਤੇ ਹੋਮੀਓਪੈਥੀ ਕੈਂਪ ਗੁਰਦੁਆਰਾ ਭਾਈ ਲੱਧਾ ਸਿੰਘ, ਮੇਨ ਰੋਡ, ਡੋਗਰ ਬਸਤੀ ਫ਼ਰੀਦਕੋਟ ਵਿਖੇ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਲਗਾਇਆ ਜਾਵੇਗਾ। ਇਸ ਮੌਕੇ ਆਯੁਰਵੈਦਿਕ ਮਾਹਿਰ ਡਾ. ਰੋਹਿਤ ਮੌਂਗਾ, ਡਾ.ਲਵਪ੍ਰੀਤ ਸਿੰਘ, ਹੋਮੀਓਪੈਥੀ ਦੇ ਮਾਹਿਰ ਡਾ.ਦਿਨੇਸ਼ ਸੇਠੀ, ਡਾ.ਭਗਵੰਤ ਕੌਰ ਆਪਣੀਆਂ ਸੇਵਾਵਾਂ ਦੇਣਗੇ। ਕੈਂਪ ਦੇ ਮੁੱਖ ਮਹਿਮਾਨ ਸ਼ਿਵਜੀਤ ਸਿੰਘ ਸੰਘਾ ਚੇਅਰਮੈਨ ਸੇਵਾ ਹਿਊਮੈਨਟੀ ਪੰਜਾਬ ਹੋਣਗੇ। ਸਮਾਗਮ ਦੀ ਪ੍ਰਧਾਨਗੀ ਪ੍ਰੋਜੈਕਟ ਚੇਅਰਮੈਨ ਨਰਾਇਣ ਦਾਸ ਕਾਲੀ ਸਾਬਕਾ ਐਮ.ਸੀ, ਕੋ-ਚੇਅਰਮੈਨ ਅਜੈ ਜੈਨ (ਸੋਨੂੰ) ਕਰਨਗੇ। ਵਿਸ਼ੇਸ਼ ਮਹਿਮਾਨਾਂ ਵਜੋਂ ਡਾ.ਰਵੀ ਕੁਮਾਰ ਡੂਮਰਾ ਡਾਇਰੈਕਟਰ ਆਯੁਰਵੈਦਿਕ ਪੰਜਾਬ, ਡਾ.ਨਵਪ੍ਰੀਤ ਕੌਰ ਜ਼ਿਲਾ ਆਯੁਰਵੈਦਿਕ ਯੂਨਾਨੀ ਅਫ਼ਸਰ ਫ਼ਰੀਦਕੋਟ ਅਤੇ ਡਾ.ਰਹਿਮਾਨ ਅਸਦ ਜ਼ਿਲਾ ਹੈੱਲਥ ਅਫ਼ਸਰ ਫ਼ਰੀਦਕੋਟ ਸ਼ਾਮਲ ਹੋਣਗੇ। ਕਲੱਬ ਪ੍ਰਧਾਨ ਦਵਿੰਦਰ ਸਿੰਘ ਪੰਜਾਬ ਮੋਟਰਜ਼ ਅਤੇ ਸਕੱਤਰ ਡਾ.ਬਲਜੀਤ ਸ਼ਰਮਾ ਨੇ ਦੱਸਿਆ ਕਿ ਇਸ ਕੈਂਪ ਲਈ ਭਾਈ ਲੱਧਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਫ਼ਰੀਦਕੋਟ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ ਵਾਸਤੇ ਅਪੀਲ ਕੀਤੀ।

## ਗਿਆਨੀ ਹਰਪ੍ਰੀਤ ਸਿੰਘ ਵਲੋਂ ਕੀਤੀ ਟਿੱਪਣੀ 'ਤੇ ਟਾਂਕ ਕਸ਼ੱਤਰੀ ਭਾਈਚਾਰੇ ਵਿੱਚ ਰੋਸ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 21 ਅਗਸਤ : ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵਲੋਂ ਦਰਜੀ ਭਾਈਚਾਰੇ ਖਿਲਾਫ਼ ਕੀਤੀ ਕੱਪੜਾ ਚੋਰੀ ਵਾਲੀ ਟਿੱਪਣੀ ਕਾਰਨ ਟਾਂਕ ਕਸ਼ੱਤਰੀ ਭਾਈਚਾਰੇ ਵਿੱਚ ਰੋਸ ਪੈਦਾ ਹੋ ਗਿਆ ਹੈ। ਅੱਜ ਸ਼ਰਨਜੀਤ ਸਿੰਘ ਮੂਕਰ ਪ੍ਰਧਾਨ ਭਗਤ ਨਾਮਦੇਵ ਸਭਾ ਸੁਸਾਇਟੀ (ਰਜਿ:) ਦੀ ਪ੍ਰਧਾਨਗੀ ਹੇਠ ਇਹ ਮੰਗ ਕੀਤੀ ਗਈ ਕਿ ਇ ਬੇਹੂਦਾ ਤੇ ਬੇਬੁਨਿਆਦ ਟਿੱਪਣੀ



ਲਈ ਗਿਆਨੀ ਹਰਪ੍ਰੀਤ ਸਿੰਘ ਭਾਈਚਾਰੇ ਤੋਂ ਮਾਫ਼ੀ ਮੰਗਣ ਅਤੇ ਅਜਿਹਾ ਨਾ ਕਰਨ ਦੀ ਸੂਰਤ 'ਚ ਭਾਈਚਾਰੇ ਵਲੋਂ ਗਿਆਨੀ ਹਰਪ੍ਰੀਤ ਸਿੰਘ ਖਿਲਾਫ਼ ਸੰਘਰਸ਼ ਵਿੱਢਣ ਦੀ ਚਿਤਾਵਨੀ ਦਿੱਤੀ ਗਈ। ਇਸ ਸਬੰਧੀ ਟਾਂਕ ਕਸ਼ੱਤਰੀ ਭਾਈਚਾਰੇ ਦੀ ਮੀਟਿੰਗ ਬੀਤੇ ਦਿਨੀ ਸਥਾਨਕ ਗੁਰਦੁਆਰਾ ਸਾਹਿਬ ਸ੍ਰੋਮਣੀ ਭਗਤ ਬਾਬਾ ਨਾਮਦੇਵ ਜੀ ਵਿਖੇ ਹੋਈ। ਇਸ ਮੌਕੇ ਸਭਾ ਦੇ ਬੁਲਾਰਿਆਂ ਵੱਲੋਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਮਿਹਨਤ ਮਜ਼ਦੂਰੀ ਕਰਨ ਵਾਲੇ ਭਾਈਚਾਰੇ ਦੇ ਕਿੱਤੇ ਤੇ ਮਜ਼ਾਕ ਰਾਹੀਂ ਟਿੱਪਣੀ ਕਰਨਾ ਬਹੁਤ ਮੰਦਭਾਗੀ ਗੱਲ ਹੈ। ਜਿਥੇ ਸ੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਮਾਨਵਤਾ ਅਤੇ ਆਪਣੀ ਭਾਈਚਾਰੇ ਦਾ ਮਾਰਗ ਦਰਸ਼ਕ ਕਰਦੀ ਹੈ, ਉਥੇ ਹੀ ਸਮੁੱਚੀ ਟਾਂਕ ਕਸ਼ੱਤਰੀ ਬ੍ਰਾਦਰੀ ਦੇ ਖਿਲਾਫ਼ ਅਜਿਹੀਆਂ ਟਿੱਪਣੀਆਂ ਨਿੰਦਣਯੋਗ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਜਸਮੇਲ ਸਿੰਘ, ਮਲਕੀਤ ਸਿੰਘ ਦਿੱਲੀ ਟੇਲਰਜ਼, ਰਾਜ ਸਿੰਘ, ਗੁਰਮੀਤ ਸਿੰਘ, ਗੁਰਚਰਨ ਸਿੰਘ, ਮਲਕੀਤ ਸਿੰਘ ਡਿਪਟੀ ਟੇਲਰਜ਼, ਗੁਰਪ੍ਰੀਤ ਸ਼ਿੰਘ ਕਮੋਂ, ਸੁਖਵਿੰਦਰ ਸਿੰਘ, ਹਰਪ੍ਰੀਤ ਸਿੰਘ, ਜਗਸੀਰ ਸਿੰਘ, ਇੰਦਰਜੀਤ ਸਿੰਘ ਕੈਂਥ, ਬਲਵੀਰ ਸਿੰਘ, ਸੁਖਜੀਤ ਸਿੰਘ ਜੱਸਲ, ਰਜਿੰਦਰ ਸਿੰਘ, ਬਲਜਿੰਦਰ ਸਿੰਘ ਸ਼ੰਟੀ, ਜਤਿੰਦਰਪਾਲ ਸਿੰਘ, ਪਿੰਕ ਰੋਜ਼ ਟੇਲਰ, ਗੁ'ਰਸੇਵਕ ਸਿੰਘ ਪੁਰਬਾ, ਨੌਜਵਾਨ ਲੰਗਰ ਕਮੇਟੀ ਅਤੇ ਬਾਬਾ ਨਾਮਦੇਵ ਬਲੱਡ ਡੋਨਰਜ਼ ਕਲੱਬ ਦੇ ਮੈਂਬਰਾਂ ਤੋਂ ਇਲਾਵਾ ਸਮੁੱਚੀ ਸੰਗਤ ਹਾਜ਼ਰ ਸੀ।

## ਭਾਰਤ ਦੇ ਆਜ਼ਾਦੀ ਦਿਵਸ ਅਤੇ ਗ਼ਦਰੀ ਬਾਬਿਆਂ ਨੂੰ ਸਮਰਪਿਤ ਰਿਹਾ ਵਿਕਟੋਰੀਆ ਦਾ ਪੰਜਾਬੀ ਮੇਲਾ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ



ਵਿਕਟੋਰੀਆ, 21 ਅਗਸਤ : ਬੀਤੇ ਐਤਵਾਰ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਤੇ ਖੂਬਸੂਰਤ ਸ਼ਹਿਰ ਵਿਕਟੋਰੀਆ ਦੇ ਬੈਕਵਿਥ ਪਾਰਕ ਵਿੱਚ ਪੰਜਾਬੀ ਮੇਲਾ ਮਨਾਇਆ ਗਿਆ। ਭਾਰਤ ਦੇ ਆਜ਼ਾਦੀ ਦਿਵਸ ਅਤੇ ਗ਼ਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਇਸ ਮੇਲੇ ਨੂੰ ਬੱਚਿਆਂ, ਬਜ਼ੁਰਗਾਂ ਨੇ ਪਰਿਵਾਰਕ ਮੈਂਬਰਾਂ ਨਾਲ ਬੜੇ ਉਤਸ਼ਾਹ ਨਾਲ ਮਾਣਿਆਂ। ਮੇਲੇ ਦੀ ਸ਼ੁਰੂਆਤ ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤ ਨਾਲ ਕੀਤੀ ਗਈ। ਭਾਰਤ ਦੇ 79ਵੇਂ ਅਜ਼ਾਦੀ ਦਿਵਸ ਮੌਕੇ ਗ਼ਦਰੀ ਬਾਬਿਆਂ ਨੂੰ ਸਿਜਦਾ ਕੀਤਾ ਗਿਆ ਜਿਹਨਾਂ ਦੀ ਬਦੌਲਤ ਅਸੀ ਅਜ਼ਾਦੀ ਦਾ ਅਨੰਦ ਮਾਣ ਰਹੇ ਹਾਂ।

ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰੋਫੈਸਰ ਗੋਪਾਲ ਸਿੰਘ ਬੁੱਟਰ ਅਤੇ ਰਣਜੀਤ ਸਿੰਘ ਸੰਧੂ ਨੇ ਦੇਸ਼ ਭਗਤਾਂ ਨੂੰ ਯਾਦ ਕਰਦੇ ਹੋਏ ਦੇਸ਼ ਦੀ ਵੰਡ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰ ਸਾਂਝੇ ਕੀਤੇ। ਦੇਸ਼ ਭਗਤਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਅਜ਼ਾਦੀ ਦਾ ਅਨੰਦ ਮਾਣ ਰਹੇ ਹਾਂ। ਉਹਨਾਂ ਨੇ ਹੀ ਸਾਨੂੰ ਅਣਖ ਦੀ ਜ਼ਿੰਦਗੀ ਜਿਉਣ ਦੀ ਪ੍ਰੇਰਣਾ ਦਿੱਤੀ ਹੈ। ਇਸ ਮੌਕੇ ਬੀ.ਸੀ. ਦੇ ਖੇਤੀਬਾੜੀ ਮੰਤਰੀ ਲੈਨਾ ਪਾਪਹੈਮ, ਪਬਲਿਕ ਸੇਫਟੀ ਅਤੇ ਸੋਲਿਸਟਰ ਜਨਰਲ ਨੀਨਾ ਕਰੀਗਰ, ਵਿਕਟੋਰੀਆ ਪੁਲੀਸ ਚੀਫ ਡੈਲ ਮਾਣਕ, ਕੌਂਸਲਰ ਮੀਨਾ ਵੈਸਟਹੈਵਰ, ਕੌਲਨ ਪਲਾਂਟ ਅਤੇ ਉੱਘੇ ਸ਼ਾਇਰ ਜਸਵਿੰਦਰ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਪੰਜਾਬ ਤੋਂ ਆਈ ਗਾਇਕਾ ਖੁਸ਼ੀ ਕੌਰ ਤੇ ਐਬਸਫੋਰਡ ਤੋਂ ਪਹੁੰਚੀ ਗਾਇਕਾ ਹਰ ਸੰਧੂ ਨੇ ਖੂਬਸੂਰਤ ਸੱਭਿਆਚਾਰਕ ਗੀਤਾਂ ਨਾਲ ਸਭ ਦਾ ਮਨੋਰੰਜਨ ਕੀਤਾ। ਮੁਟਿਆਰਾਂ ਨੇ ਰਲ ਕੇ ਬੋਲੀਆਂ ਪਾਈਆਂ ਅਤੇ ਗਿੱਧੇ ਦਾ ਖੂਬ ਰੰਗ ਬੰਨਿਆਂ। ਪ੍ਰਬੰਧਕਾਂ ਵੱਲੋਂ ਡਾ. ਗੋਪਾਲ ਸਿੰਘ ਬੁੱਟਰ ਨੂੰ ਸਮਾਜਿਕ ਸੇਵਾਵਾਂ ਲਈ ਸਨਮਾਨ ਚਿੰਨ੍ਹ ਅਤੇ ਫੁਲਕਾਰੀ ਨਾਲ ਸਨਮਾਨਿਤ ਕੀਤਾ ਗਿਆ।

ਮੇਲੇ ਵਿਚ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਤੋਂ ਸ਼ਾਇਰ ਹਰਦਮ ਮਾਨ ਅਤੇ ਸ਼ਾਇਰ ਜਸਵਿੰਦਰ ਨੇ ਉਚੇਚੇ ਤੌਰ 'ਤੇ ਕਿਤਾਬਾਂ ਦਾ ਸਟਾਲ ਲਾਇਆ ਜਿੱਥੋਂ ਕਈ ਸਾਹਿਤ ਪ੍ਰੇਮੀਆਂ ਨੇ ਕਿਤਾਬਾਂ ਖ਼ਰੀਦਣ ਵਿੱਚ ਦਿਲਚਸਪੀ ਦਿਖਾਈ। ਮੇਲੇ ਵਿੱਚ ਬਹੁਤ ਸਾਰੇ ਵਪਾਰੀ ਭੈਣ- ਭਰਾਵਾਂ ਵੱਲੋਂ ਵੀ ਵੱਖ ਵੱਖ ਵਸਤਾਂ ਦੇ ਸਟਾਲ ਲਾਏ ਗਏ। ਗਹਿਣਿਆਂ, ਪੰਜਾਬੀ ਜੁੱਤੀਆਂ, ਸੂਟਾਂ, ਚੁੰਨੀਆਂ, ਫੁਲਕਾਰੀਆਂ ਦੇ ਸਟਾਲ ਔਰਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਪੰਜਾਬੀ ਕਲਚਰਲ ਕੰਮਊਨਿਟੀ ਐਸੋਸੀਏਸ਼ਨ ਆਫ ਵਿਕਟੋਰੀਆ ਵਲੋਂ ਖਾਣੇ ਦੀ ਸੇਵਾ ਮੇਲਾ ਖਤਮ ਹੋਣ ਤੱਕ ਮੁਫ਼ਤ ਕੀਤੀ ਗਈ।

ਅਖੀਰ ਵਿੱਚ ਡਾ. ਮੇਜਰ ਸਿੰਘ ਤਤਲਾ, ਜਗੀਰ ਸਿੰਘ ਵਿਰਕ, ਪਰਮਿੰਦਰ ਕੌਰ ਵਿਰਕ, ਤੋਸ਼ੀ ਬੈਂਸ ਅਤੇ ਸਮੁੱਚੀ ਟੀਮ ਵੱਲੋਂ ਪੰਜਾਬੀ ਮੇਲੇ ਨੂੰ ਸਫਲ ਕਰਨ ਲਈ ਸਭਨਾਂ ਸਹਿਯੋਗੀਆਂ, ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ

## ਤੱਖਰਾਂ ਦੇ ਕੁਸ਼ਤੀ ਦੰਗਲ ਦੇ ਵਿੱਚ ਮੱਲਾਂ ਨੇ ਜ਼ੌਹਰ ਦਿਖਾਏ

ਵਰਲਡ ਪੰਜਾਬੀ ਟਾਈਮਜ਼ — ਬਲਬੀਰ ਸਿੰਘ ਬੱਬੀ



ਮਾਛੀਵਾੜਾ ਸਾਹਿਬ 21 ਅਗਸਤ : ਆਪਣੇ ਆਪ ਵਿੱਚ ਵੱਡੇ ਤੇ ਸਦੀਆਂ ਪੁਰਾਣੇ ਕੁਸ਼ਤੀ ਦੰਗਲ ਦੇ ਨਾਲ ਸਮੁੱਚੀ ਦੁਨੀਆਂ ਵਿੱਚ ਜਾਣੇ ਜਾਂਦੇ ਪਿੰਡ ਤੱਖਰਾਂ ਦੇ ਮੇਲੇ ਨੂੰ ਕੌਣ ਨਹੀਂ ਜਾਣਦਾ। ਮਹਾਨ ਧਾਰਮਿਕ ਰੂਹ ਬਾਬਾ ਸੁੰਦਰ ਦਾਸ ਜੀ ਨੇ ਇਸ ਨਗਰ ਨੂੰ ਭਾਗ ਲਾਏ ਉਹਨਾਂ ਆਪਣੇ ਹੱਥੀ ਕੁਸ਼ਤੀਆਂ ਸ਼ੁਰੂ ਕਰਵਾਈਆਂ ਪਹਿਲਵਾਨਾਂ ਨੂੰ ਇੱਥੇ ਬੁਲਾਇਆ ਜਾਂਦਾ ਸੀ ਬਾਬਾ ਜੀ ਖੁਦ ਉਹਨਾਂ ਦੀ ਸੇਵਾ ਕਰਦੇ। ਨਗਰ ਨਿਵਾਸੀਆਂ ਨੇ ਇਸ ਪਰੰਪਰਾ ਨੂੰ ਅੱਗੇ ਤੋਰਦਿਆਂ ਬਾਬਾ ਜੀ ਦੀ ਯਾਦ ਦੇ ਵਿੱਚ ਹਰ ਸਾਲ ਹੀ ਸਲਾਨਾ ਜੋੜ ਮੇਲਾ ਬੜੀ ਧੂਮ ਧਾਮ ਦੇ ਨਾਲ ਮਨਾਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੇ ਵਿੱਚ ਭੋਗ ਪੈਣ ਤੋਂ ਬਾਅਦ ਰਾਗੀ ਢਾਡੀ ਕੀਰਤਨ ਦਰਬਾਰ ਦੇ ਵਿੱਚ ਅਨੇਕਾ ਜਥਿਆਂ ਨੇ ਹਾਜ਼ਰੀ ਭਰੀ। ਆਈਆਂ ਸੰਗਤਾਂ ਲਈ ਗੁਰੂ ਕੇ ਲੰਗਰ ਚਲਾਏ ਗਏ। ਕੁਸ਼ਤੀਆਂ ਕਾਰਨ ਮਸ਼ਹੂਰ ਇਸ ਦੰਗਲ ਮੇਲੇ ਦੇ



ਵਿੱਚ ਪਹਿਲਵਾਨ ਵੱਡੀ ਗਿਣਤੀ ਵਿੱਚ ਪੁੱਜਦੇ ਹਨ। ਪਹਿਲੇ ਦਿਨ ਦੀਆਂ ਛੋਟੀਆਂ ਕੁਸ਼ਤੀਆਂ ਹੋਈਆਂ ਜਿਸ ਵਿੱਚ ਵੱਡੀ ਗਿਣਤੀ ਵਿੱਚ ਪਹਿਲਵਾਨਾਂ ਨੇ ਭਾਗ ਲਿਆ। ਪਹਿਲੇ ਦਿਨ ਪਚਾਸੀ ਕੁਸ਼ਤੀਆਂ ਕਰਵਾਈਆਂ। ਬਾਬਾ ਸੁੰਦਰ ਦਾਸ ਸਟੇਡੀਅਮ ਦੇ ਵਿੱਚ ਚੱਲ ਰਹੇ ਕੁਸ਼ਤੀ ਦੰਗਲ ਮੇਲੇ ਦਾ ਆਨੰਦ ਦਰਸ਼ਕਾਂ ਨੇ ਬੜੇ ਵਧੀਆ ਤਰੀਕੇ ਦੇ ਨਾਲ ਮਾਣਿਆਂ।

ਦੂਜੇ ਦਿਨ ਵੱਡੇ ਕੁਸ਼ਤੀ ਦੰਗਲ ਦੇ ਵਿੱਚ ਅਲੱਗ ਅਲੱਗ ਕੁਸ਼ਤੀ ਅਖਾੜਿਆਂ ਦੇ ਭਲਵਾਨ ਰੈਫਰੀ ਮੰਚ ਸੰਚਾਲਕ ਪੁੱਜੇ ਹੋਏ ਸਨ। ਮੰਚ ਸੰਚਾਲਕਾਂ ਨੇ ਆਪਣੀ ਸਾਇਰੋ ਸ਼ਾਇਰੀ ਸੁਣਾਈ। ਇਸ ਮੌਕੇ ਗੁਰਦੁਆਰਾ ਕਮੇਟੀ ਪੰਚਾਇਤ ਨਗਰ ਨਿਵਾਸੀਆਂ ਤੇ ਇਲਾਕਾ ਨਿਵਾਸੀਆਂ ਤੂੰ ਇਲਾਵਾ ਦੂਰ ਦੁਰਾਡਿਓਂ ਕੁਸ਼ਤੀ ਪ੍ਰੇਮੀ ਪੁੱਜੇ ਹੋਏ ਸਨ। ਅੱਜ ਦੂਜੇ ਦਿਨ ਇਸ ਕੁਸ਼ਤੀ ਦੰਗਲ ਮੇਲੇ ਦੇ ਵਿੱਚ ਨਾਮੀਂ ਪਹਿਲਵਾਨਾਂ ਨੇ ਬਾਬਾ ਜੀ ਦੇ ਕੁਸ਼ਤੀ ਅਖਾੜੇ ਵਿਚ ਹਾਜ਼ਰੀ ਭਰੀ। ਬੇਅੰਤ ਕੁਸ਼ਤੀਆਂ ਕਰਵਾਈਆਂ ਗਈਆਂ। ਇਸ ਮੇਲੇ ਵਿੱਚ ਪੁੱਜੇ ਪਹਿਲਵਾਨਾਂ ਦੇ ਲਈ ਇਨਾਮ ਦੇ ਵਿੱਚ ਨੁੱਕਰੀ ਘੋੜੀ, ਬੁਲਟ ਮੋਟਰਸਾਈਕਲ, ਤਿੰਨ ਪਲਟੀਨਾ ਮੋਟਰਸਾਈਕਲ ਝੋਟੀਆਂ ਮੁੰਦੀਆ ਤੇ ਹਰ ਪਹਿਲਵਾਨ ਨੂੰ ਨਕਦ ਰਾਸ਼ੀ ਦਿੱਤੀ ਗਈ। ਇਸ ਮੌਕੇ ਸਮਰਾਲਾ ਮਾਛੀਵਾੜਾ ਤੋਂ ਸਿਆਸੀ ਆਗੂਆਂ ਪਰਮਜੀਤ ਸਿੰਘ ਢਿੱਲੋਂ ਅਕਾਲੀ ਆਗੂ,ਕਾਂਗਰਸੀ ਆਗੂ ਰੁਪਿੰਦਰ ਸਿੰਘ ਰਾਜਾ ਗਿੱਲ , ਆਮ ਆਦਮੀ ਪਾਰਟੀ ਦੇ ਜ਼ਿਲਾ ਪ੍ਰਧਾਨ, ਇਲਾਕੇ ਦੇ ਪੰਚਾਂ ਸਰਪੰਚਾਂ ਤੇ ਹੋਰ ਅਹਿਮ ਸ਼ਖਸ਼ੀਅਤਾਂ ਇਸ ਮੇਲੇ ਵਿੱਚ ਪੁੱਜੀਆਂ।

ਅਖੀਰ ਵਿੱਚ ਵੱਡੇ ਭਲਵਾਨਾਂ ਦੀਆਂ ਪ੍ਰਮੁੱਖ ਸ਼ਾਨਦਾਰ ਕੁਸ਼ਤੀਆਂ ਕਰਵਾਈਆਂ ਗਈਆਂ। ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਤੇ ਅਵਨਾਇਕ ਰੋਹਤਕ ਜਿਸ ਵਿੱਚ ਤਾਲਿਬ ਬੁਲੇਟ ਮੋਟਰਸਾਈਕਲ ਲੈ ਕੇ ਜੇਤੂ ਰਿਹਾ ,ਭੁਪਿੰਦਰ ਅਜਨਾਲਾ ਸਾਹਿਲ ਕੋਹਾਲੀ ਵਿਚਕਾਰ ਹੋਈ ਕਾਫੀ ਲੰਮੇ ਸਮੇਂ ਤੱਕ ਇਹ ਕੁਸ਼ਤੀ ਚੱਲੀ ਦੋਵਾਂ ਹੀ ਭਲਵਾਨਾਂ ਨੇ ਪੂਰੀ ਜ਼ੋਰ ਅਜ਼ਮਾਈ ਕੀਤੀ। ਨਰਿੰਦਰ ਖੰਨਾ ਨੇ ਜਲਾਲ ਮਰੌੜ ਮੂੰਹ ਚਿੱਤ ਕਰਕੇ ਨੁੱਕਰੀ ਘੋੜੀ ਜਿੱਤੀ, ਹਰਸ਼ ਤੱਖਰਾਂ ਨੇ ਸ਼ਾਮਾਂ ਕਾਲੀਆਂ ਨਵਾਂ ਪਿੰਡ ਨੂੰ ਚਿੱਤ ਕੀਤਾ। ਲਵਪ੍ਰੀਤ ਖੰਨਾ ਨਾਲ ਸੌਰਵ ਬਰੜਵਾਲ, ਕੁਲਜਿੰਦਰ ਭੁੱਟਾ ਭਿੰਦਾ ਬਠਿੰਡਾ ਸਮੇਤ ਹੋਰ ਅਣਗਿਣਤ ਪੁਰਾਣੀ ਤੇ ਨਵੇਂ ਪਹਿਲਵਾਨਾਂ ਨੇ ਬਾਬਾ ਸੁੰਦਰ ਦਾਸ ਕੁਸ਼ਤੀ ਦੰਗਲ ਦੇ ਵਿੱਚ ਆਪਣੀ ਹਾਜਰੀ ਲਵਾਈ।

ਸੁਚੱਜੇ ਪ੍ਰਬੰਧਾਂ ਤੇ ਧੂਮ ਧਾਮ ਨਾਲ ਸਮਾਪਤ ਹੋਏ ਇਸ ਮੇਲੇ ਦੇ ਵਿੱਚ ਸਮੁੱਚੇ ਨਗਰ ਨਿਵਾਸੀਆਂ, ਗੁਰਦੁਆਰਾ ਕਮੇਟੀ, ਸਮੁੱਚੀ ਗ੍ਰਾਮ ਪੰਚਾਇਤ ਤੇ ਇਲਾਕਾ ਨਿਵਾਸੀਆਂ ਆਪੋ ਆਪਣੀਆਂ ਡਿਊਟੀਆਂ ਬਖੂਬੀ ਨਿਭਾਈਆਂ। ਸਾਲ ਹੋਣ ਵਾਲੇ ਇਸ ਮੇਲੇ ਵਿੱਚ ਦਾਨੀ ਸੱਜਣਾਂ ਵੱਲੋਂ ਆਲਟੋ ਕਾਰ ਤੇ ਹੋਰ ਇਨਾਮਾਂ ਦਾ ਐਲਾਨ ਵੀ ਕੀਤਾ ਗਿਆ।

ਮੇਲੇ ਵਿੱਚ ਪੁੱਜਣ ਉੱਤੇ ਪਿੰਡ ਦੀ ਸਰਪੰਚ ਜਸਬੀਰ ਕੌਰ ਪਤਨੀ ਜਗਦੀਸ਼ ਜੱਗੀ ਸਪੁੱਤਰ ਗੁਰਮੀਤ ਸਿੰਘ ਫੌਜੀ ਪੰਚਾਇਤ ਮੈਂਬਰ ਤੇ ਨਗਰ ਵਾਸੀਆਂ ਵਲੋਂ ਧੰਨਵਾਦ ਕੀਤਾ ਗਿਆ।

## ਖੇਡ ਪੰਨੇ ਲਈ ਪਹਿਲਾ ਵਰਲਡ ਅਲਬਰਟਾ ਕਬੱਡੀ ਕੱਪ ਐਡਮਿੰਟਨ ਵਿਚ ਸੰਪੰਨ ਹੋਇਆ





ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਐਡਮਿੰਟਨ ਕਨੇਡਾ ਦੇ ਖ਼ੂਬਸੂਰਤ ਰਿਵਰ ਹਾਕ ਸਟੇਡੀਅਮ ਵਿਖੇ ਪਹਿਲਾ ਵਰਲਡ ਅਲਬਰਟਾ ਕਬੱਡੀ ਕੱਪ ਖੇਡਿਆ ਗਿਆ। ਇਹ ਕਬੱਡੀ ਕੱਪ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਸਪੋਰਟਸ ਕਲੱਬ ਵਲੋਂ ਆਯੋਜਿਤ ਕੀਤਾ ਗਿਆ। ਇਸ ਸਾਰੇ ਕਾਰਜ ਪ੍ਰਬੰਧਕ-ਸੂਤਰਧਾਰ ਬਾਬਾ ਜੱਗਾ ਧਾਲੀਵਾਲ, ਸੋਢੀ ਭਲਵਾਨ, ਪਰਮਿੰਦਰ ਸਿੰਘ ਖ਼ਾਲਸਾ, ਮਨਜੀਤ ਸਿੰਘ ਖ਼ਾਲਸਾ, ਲੱਭਾ ਧਨੋਆ ਅਤੇ ਗਾਇਕ ਬਿਕਰਮਜੀਤ ਸਿੰਘ ਖਜਾਲਾ ਦੇ ਉਦਮ ਨਾਲ ਨੇਪੜੇ ਚਾੜ੍ਹਿਆ। ਇਸ ਕਬੱਡੀ ਕੱਪ ਵਿਚ ਕੁੱਲ ਛੇ ਟੀਮਾਂ ਨੇ ਭਾਗ ਲਿਆ। ਜੇਤੂ ਟੀਮ ਨੂੰ ਗੋਲਡ ਕੱਪ ਅਤੇ ਵਧੀਆ ਰੇਡਰ ਤੇ ਸਟਾਪਰ ਨੂੰ ਗਿਆਰ੍ਹਾਂ-ਗਿਆਰ੍ਹਾਂ ਸੌ ਡਾਲਰ ਨਾਲ ਸਨਮਾਨਿਤ ਕੀਤਾ ਗਿਆ। ਫ਼ਾਈਨਲ ਮੈਚ ਵਿਚ ਐਬਟਸਫੋਰਡ ਸਰਹਾਲਾ ਗਣੂੰਆ ਕਬੱਡੀ ਕਲੱਬ ਅਤੇ ਆਜ਼ਾਦ-ਪੰਜਾਬ ਕੇਸਰੀ ਕਬੱਡੀ ਕਲੱਬ ਦੀਆਂ ਟੀਮਾਂ ਵਿਚਕਾਰ ਫਸਵਾਂ ਮੈਚ ਹੋਇਆ। ਪਰ ਜੇਤੂ ਰਹੀ ਐਬਟਸਫੋਰਡ ਸਰਹਾਲ ਕਬੱਡੀ ਕਲੱਬ ਅੱਧੇ ਅੰਕ ਨਾਲ ਜੇਤੂ ਰਹੀ। ਵੇਖਿਆ ਜਾਵੇਂ ਤਾਂ ਦੋਵੇਂ ਟੀਮਾਂ ਦੇ ਖਿਡਾਰੀਆਂ ਨੇ ਜ਼ਬਰਦਸਤ ਪ੍ਰਦਰਸ਼ਨ ਕਰਦੇ ਹੋਏ ਸ਼ਰੋਤਿਆਂ ਦੇ ਦਿਲਾਂ ਨੂੰ ਮਰਮਸਪਰਸ਼ੀ ਮਾਹੌਲ ਮੁਹੱਈਆ ਕਰਵਾ ਦਿੱਤਾ।

ਆਜ਼ਾਦ-ਪੰਜਾਬ ਕੇਸਰੀ ਕਬੱਡੀ ਕਲੱਬ ਵਲੋਂ ਮੀਨਾ ਬੱਲਨੋ, ਚਿੱਤਪਾਲ ਚਿੱਟੀ, ਰਾਜੂ ਕੋਟਲਾ ਭੜੀ, ਸ਼ੰਕਰ ਸੰਧਵਾਂ ਨੇ ਸ਼ਾਨਦਾਰ ਵਲੇਵੇਦਾਰ ਝਕਾਨੀਆਂ ਵਾਲੀ ਦਿਲ ਖਿਚਵੀਆਂ ਕਬੱਡੀਆਂ ਪਾਈਆਂ। ਇਸ ਟੀਮ ਦੇ ਜਾਫ਼ੀ ਦਲਜਿੰਦਰ ਮਠੁੰਡਾ ਅਤੇ ਗੋਪੀ ਮਾਣਕੀ ਨੇ ਇਕ-ਇਕ ਜੱਫ਼ਾ ਲਾ ਕੇ ਮੈਚ ਵਿਚ ਉਤਸੁਕਤਾ ਅਤੇ ਰੌਚਿਕਤਾ ਭਰ ਦਿੱਤੀ।

ਦੂਜੇ ਪਾਸੇ ਐਬਟਸਫੋਰਡ-ਸਰਹਾਲਾ ਗਣੂੰਆ ਕਬੱਡੀ ਕਲੱਬ ਦੇ ਧਾਵੀ ਬਲਾਲ ਢਿੱਲੋਂ ਅਤੇ ਦੁੱਲਾ ਬੈਗਾ ਪਿੰਡ ਨੇ ਬਹੁਤ ਵਧੀਆ ਖੇਡ ਪ੍ਰਦਰਸ਼ਨ ਕਰਕੇ ਲੋਕਾਂ ਤੋਂ ਭਰਪੂਰ ਪ੍ਰਸੰਸਾ ਲਈ। ਮਗਰ ਰਵੀ ਦਿਉਰਾ ਅਤੇ ਰਵੀ ਕੈਲਰਮ ਦਾ ਪ੍ਰਦਰਸ਼ਨ ਠੀਕ ਹੀ ਰਿਹਾ। ਇਸ ਟੀਮ ਦੇ ਸਟਾਰ ਜਾਫੀ ਸੀਲੂ ਬਾਹੂ ਅਕਬਰਪੁਰ ਨੇ ਪੰਜ ਜੱਫੇ, ਅਮਨ ਦਿਉਰਾ ਨੇ ਦੋ ਜੱਫੇ ਅਤੇ ਪਾਲਾ ਜਲਾਲਪੁਰ ਨੇ ਇਕ ਜੱਫਾ ਲਗਾ ਕੇ ਆਖ਼ਰੀ ਪੱਲ ਵਿਚ ਮੈਚ ਦਾ ਪਾਸਾ ਪਲਟ ਦਿੱਤਾ। ਜਿਸ ਕਰਕੇ ਐਬਟਸਫੋਰਡ ਸਰਹਾਲਾ ਗਣੂੰਆ ਦੀ ਟੀਮ ਨੇ ਸਿਰਫ਼ ਅੱਧੇ ਅੰਕ ਨਾਲ ਜਿੱਤ ਪ੍ਰਾਪਤ ਕੀਤੀ। ਇਹ ਟੀਮ ਇਸ ਸੀਜ਼ਨ ਵਿਚ ਲਗਾਤਾਰ ਜਿੱਤ ਪ੍ਰਾਪਤ ਕਰ ਚੁਕੀ ਹੈ। ਇਸ ਟੀਮ ਦੇ ਧਾਵੀ ਬਲਾਲ ਮੋਹਿਸ਼ਨ ਢਿੱਲੋਂ ਨੇ ਸੈਮੀਫਾਈਨਲ ਅਤੇ ਫਾਈਨਲ ਵਿਚ 40 ਕਬੱਡੀਆਂ ਪਾ ਕੇ 38 ਅੰਕ ਪ੍ਰਾਪਤ ਕੀਤੇ, ਇਸ ਲਈ ਇਸ ਨੂੰ ਵਧੀਆ ਧਾਵੀ ਦਾ ਖ਼ਿਤਾਬ ਦਿੱਤਾ ਗਿਆ। ਇਸ ਟੀਮ ਦੇ ਜਾਫੀ ਅਮਨ ਦਿਉਰਾ ਨੇ ਸੈਮੀਫਾਈਨਲ ਅਤੇ ਫਾਈਨਲ ਵਿਚ 23 ਵਾਰ ਕੋਸ਼ਿਸ਼ ਕਰਕੇ ਅੱਠ ਜੱਫੇ ਲਾਏ, ਇਸ ਲਈ ਇਸ ਨੂੰ ਵਧੀਆ ਜਾਫੀ ਦਾ ਖ਼ਿਤਾਬ ਦਿੱਤਾ ਗਿਆ। ਇਸ ਕਬੱਡੀ ਕੱਪ ਵਿਚ ਜਿੱਥੇ ਮੱਖਣ ਅਲੀ, ਸੁਰਜੀਤ ਕਕਰਾਲੀ, ਕਾਲਾ ਰਛੀਨ, ਪ੍ਰਿਤਾ ਸ਼ੇਰਗੜ੍ਹ ਚੀਮਾ ਅਤੇ ਇਕਬਾਲ ਗਾਲਿਬ ਨੇ ਕੁਮੈਟਰੀ ਵਿਚ ਚੰਗਾ ਰੰਗ ਬੰਨ ਕੇ ਲੋਕਾਂ ਨੂੰ ਉਤਸੁਕਤਾ ਅਤੇ ਆਕਰਸ਼ਣ ਵਿਚ ਬੰਨੀਂ ਰੱਖਿਆ। ਉਥੇ ਖੇਡ ਫੀਚਰ ਲੇਖਕ ਜਸਵੰਤ ਸਿੰਘ ਖੜਗ ਨੇ ਸਾਰੇ ਖਿਡਾਰੀਆਂ ਦੇ ਅੰਕੜੇ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਅੰਕਿਤ ਕੀਤੇ।

ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਜਗਸ਼ਰਨ ਸਿੰਘ ਐਮ.ਪੀ. ਕੈਲਗਰੀ, ਬਲਵਿੰਦਰ ਗਿੱਲ ਹੱਲਣ ਐਮ.ਪੀ. ਗੈਲਗਰੀ, ਅਮਨਪ੍ਰੀਤ ਗਿੱਲ ਨਾਮ ਕਲਾਰ, ਰਣਜੀਤ ਬਾਠ, ਤੇਜਿੰਦਰ ਸੰਧੂ, ਸਰਬਜੀਤ ਸਿੰਘ, ਮਨਜੀਤ ਸਿੰਘ ਫੇਰੂਮਾਨ ਨੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ। ਇਹ ਕਬੱਡੀ ਕੱਪ ਇਕ ਯਾਦਗਾਰੀ ਚਿੰਨ੍ਹ ਛੱਡ ਦਿੱਤਾ ਗਿਆ।

## ਕਾਗਜ਼ ਕਲਮ*



ਕਾਗਜ਼ ਕਲਮ ਨੂੰ ਆਪਣੇ ਕੋਲ ਰਖਾਂ
ਸੌਣ ਵੇਲੇ ਵੀ ਬਿਸਤਰੇ ਤੇ ਨਾਲ ਹੋਵੇ।

ਪਤਾ ਨਹੀਂ ਕਦੋਂ ਕੋਈ ਗੱਲ ਦਿਲ ਵਿਚ ਆਵੇ।
ਦਿਲ ਦੀ ਗੱਲ ਸਾਰੀ ਮੈਂ ਕਾਗ਼ਜ਼ ਤੇ ਉਤਾਰ ਦਿਆਂ।

ਗਮੀ ਖੁਸ਼ੀ ਦੀ ਗੱਲ ਹੋਵੇ।
ਅੰਦਰੋਂ ਬਾਹਰੋਂ ਸਭ ਮੈਨੂੰ ਪਹਿਚਾਣਦੇ ਨੇ

ਨਾ ਕੋਈ ਲੁੱਕਾ ਛੁਪਾ ਦਾ ਡਰ ਹੋਵੇ।
ਗੂੜ੍ਹੇ ਰਾਜ਼ ਦੀਆਂ ਗੱਲਾ ਸਭ ਜਾਣਦੇ ਨੇ।

ਯਾਰੀ, ਦੋਸਤੀ, ਛੱਲ ਫਰੇਬ ਦੀਆਂ
ਸੱਚੀਆਂ ਝੂਠੀਆਂ ਵੈਰ ਵਿਰੋਧ ਭਰੀਆਂ।

ਮੈਨੂੰ ਬੋਲੀਆਂ ਮਿਹਣਿਆਂ ਮਾਰ ਦੇਣਾ।
ਥੋੜੀਆਂ, ਬਹੁਤ ਕਿਸੇ ਨਾਲ ਕਹੀਆਂ।

ਗੱਲਾਂ ਦਿਲ ਵਿਚ ਰਖੋ ਇਹ ਬਹੁਤ ਔਖਾ
ਭਾਫ਼ ਕਢਣ ਲਈ ਕੋਈ ਤਾਂ ਹੋਵੇ ਸਾਥੀ।

ਦੱਸਾਂ ਮੈਂ ਇਨ੍ਹਾਂ ਨੂੰ ਜੋ ਦਿਲ ਵਿਚ ਹੈ
ਕਾਗਜ਼ ਕਲਮ ਜਿਹਾ ਨਾ ਕੋਈ ਸਾਥੀ।

ਇਕ ਸੋਚ ਜਹੀ ਦਿਮਾਗ ਵਿਚ ਆ ਰਹੀ ਹੈ।
ਮੇਰੇ ਪਾਸੋਂ ਉਡਾਰੀ ਲਾ ਕੇ ਚਲਾ ਗਿਆ।

ਮੈਨੂੰ ਕਰਨ ਗੇ ਦੁਨੀਆਂ ਵਾਲੇ ਨਸ਼ਰ।
ਬਣ ਕਿਤਾਬ ਜੇ ਲੋਕਾਂ ਦੇ ਹੱਥ ਆ ਜਾਵਾਂ।

ਬਹੁਤ ਕੁਝ ਮੈਂ ਇਨ੍ਹਾਂ ਨੂੰ ਸੌਂਪ ਚੁੱਕੀ ਹੈ।
ਹੱਥੀ ਕਰ ਜਾਇਆ ਇਹ ਨਾ ਹੋਵੇ ਮੇਰੇ ਕੋਲ।

ਜੋ ਵੀ ਹੋਣਾ ਸੋ ਹੋਏ ਰਜ਼ਾ ਰੱਬ ਦੀ।
ਗੱਲਾਂ ਕਰਨ ਦੀ ਹੋ ਗਈ ਹੈ ਭੁੱਲ ਮੇਰੇ ਕੋਲੋਂ।

ਕਿਸੇ ਨਾਲ ਮੈਂ ਹੁਣ ਖੁਲ੍ਹ ਕੇ ਗੱਲ ਕਰ ਨਹੀਂ ਸਕਦੀ।
ਚਾਰੇ ਪਾਸੇ ਇਹ ਫੈਸਲਾ ਉਸ ਵੇਲੇ ਕਰਨ

ਜਿਹੜੀ ਕਾਗਜ਼ ਤੇ ਮੈਂ ਲਿਖੀ ਜਦੋਂ ਵੀ ਛੱਪ ਜਾਵੇ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਵਿਆਹ -ਇੱਕ ਮਜ਼ਬੂਤ ਵਿਸ਼ਵਾਸ ਅਤੇ ਭਰੋਸੇ ਦਾ ਬੰਧਨ



ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਮਨੁੱਖ ਦੇ ਜਨਮ ਤੋਂ ਲੈ ਕੇ ਉਸਦੇ ਇਸ ਧਰਤੀ ਤੋਂ ਰੁਖ਼ਸਤ ਹੋਣ ਤੱਕ ਉਸਨੂੰ ਜ਼ਿੰਦਗੀ ਦੀਆਂ ਤਿੰਨ ਅਵਸਥਾਵਾਂ ਵਿੱਚੋਂ ਗੁਜਰਣਾ ਪੈਂਦਾ ਹੈ,ਬਚਪਨ,ਜਵਾਨੀ ਅਤੇ ਬੁਢਾਪਾ।ਬਚਪਨ ਤੋਂ ਜਵਾਨੀ ਵਿੱਚ ਪੈਰ ਧਰਦਿਆਂ ਮਾਪਿਆਂ ਦੇ ਨਾਲ ਨਾਲ ਨੌਜਵਾਨਾਂ ਨੂੰ ਸਿੱਖਿਆ ਪ੍ਰਾਪਤ ਕਰਦੇ ਹੋਏ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਕਿੱਤੇ ਦੀ ਚੋਣ ਅਤੇ ਉਸ ਤੋਂ ਬਾਅਦ ਜੀਵਨ ਸਾਥੀ ਦੀ ਚੋਣ ਕਰਨ ਦਾ ਫੈਸਲਾ ਗੁੰਝਲਦਾਰ ਹੋਣ ਦੇ ਨਾਲ ਨਾਲ ਬਹੁਤ ਅਹਿਮੀਅਤ ਰੱਖਦੀ ਹੈ। ਅਜੋਕੇ ਸਮੇਂ ਵਿਆਹ ਦੇ ਮੁਹਾਂਦਰੇ ਬਦਲ ਕੇ ਭਾਵੇਂ ਲਿਵ ਇਨ ਰਿਲੇਸ਼ਨ ਦਾ ਰੂਪ ਲੈ ਰਹੇ ਹੋਣ ਪ੍ਰੰਤੂ ਅਜਿਹੇ ਰੀਤੀ ਰਿਵਾਜਾਂ ਨੂੰ ਸਮਾਜ਼ ਕਦੇ ਵੀ ਮਾਨਤਾ ਨਹੀਂ ਦਿੰਦਾ ਜਿਸਦਾ ਕੋਈ ਠੋਸ ਆਧਾਰ ਨਾ ਹੋਵੇ। ਆਪਣੇ ਪਰਿਵਾਰ ਅਤੇ ਆਪਣੇ ਗੁਰੂ ਦੀ ਹਜ਼ੂਰੀ ਵਿੱਚ ਚੁਣੇ ਜੀਵਨ ਸਾਥੀ ਅਤੇ ਨਿਭਾਈਆਂ ਰਸਮਾਂ ਹੀ ਮਰਦ ਅਤੇ ਔਰਤ ਨੂੰ ਇੱਕ ਹੋਣ ਦੀ ਮਾਨਤਾ ਦਿੰਦੇ ਹਨ।

ਵਿਆਹ ਕੇਵਲ ਇੱਕ ਸਮਾਜਿਕ ਸੰਸਕਾਰ ਨਹੀਂ ਸਗੋਂ ਧਰਮ ਦੇ ਰੀਤੀ ਰਿਵਾਜਾਂ ਦੇ ਬੰਧਨਾਂ ਨਾਲ ਬੱਝਿਆ ਇੱਕ ਮਹੱਤਵਪੂਰਨ ਧਾਰਮਿਕ ਸੰਸਕਾਰ ਵੀ ਹੈ। ਵਿਆਹ ਤੋਂ ਬਿਨਾਂ ਪਰਿਵਾਰ ਦਾ ਵਾਧਾ ਅਤੇ ਜੀਵਨ ਯਾਤਰਾ ਸਫ਼ਲ ਹੋਣੀ ਮੁਸ਼ਿਕਲਾਂ ਭਰਪੂਰ ਹੈ।ਆਨੰਦ ਕਾਰਜ, ਫੇਰੇ ਹੋਣ ਜਾਂ ਨਿਕਾਹ ਹੋਵੇ, ਵਿਆਹ ਮਜ਼ਬੂਤ ਧਾਗੇ ਵਾਲਾ ਪਵਿੱਤਰ ਰਿਸ਼ਤਾ ਹੁੰਦਾ ਹੈ।ਸਾਤ ਵਚਨ ਅਤੇ ਸਾਤ ਫ਼ੇਰੇ ਤੋਂ ਬਾਅਦ ਸੱਤ ਜਨਮ ਤੱਕ ਕਾਇਮ ਰੱਖਣ ਵਾਲਾ ਵਿਆਹ ਅੱਜ ਕੁੱਝ ਮਹੀਨੇ ਵੀ ਟਿਕਣਾ ਔਖਾ ਹੋ ਗਿਆ ਹੈ।ਸਮੇਂ ਦੇ ਵਹਾਅ ਅਤੇ ਭੱਜ ਦੌੜ ਵਿੱਚ ਵਾਧੇ ਨੇ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਵਪਾਰ ਅਤੇ ਸਵਾਰਥੀ ਬਣਾ ਦਿੱਤਾ ਹੈ।ਹੁਣ ਵਿਆਹ ਨਹੀਂ ਹੁੰਦੇ,ਸੌਦੇ ਹੁੰਦੇ ਹਨ। ਮੁੰਡੇ ਵਾਲਿਆਂ ਵੱਲੋਂ ਮੁੰਡਿਆਂ ਦੀ ਬੋਲੀ ਲਗਾਈ ਜਾਂਦੀ ਹੈ ਅਤੇ ਕੁੜੀ ਵਾਲਿਆਂ ਵੱਲੋਂ ਮੁੰਡੇ ਦੀ ਕ਼ੀਮਤ ਕਰੋੜਾਂ ਰੁਪਏ ਦਾ ਦਾਜ ਦੇ ਕੇ ਚੁਕਾਈ ਜਾਂਦੀ ਹੈ। ਮਨੁੱਖ ਭੌਤਿਕ ਵਸਤਾਂ ਦੇ ਮੋਹ ਵਿੱਚ ਆ ਕੇ ਇਹ ਭੁੱਲ ਚੁੱਕਿਆ ਹੈ ਕਿ ਜਿਹੜੇ ਰਿਸ਼ਤਿਆ ਦੀ ਬੁਨਿਆਦ ਲਾਲਚ ਅਤੇ ਸਵਾਰਥ ਤੇ ਟਿਕੀ ਹੋਵੇਗੀ ਉਹ ਜ਼ਿਆਦਾ ਸਮਾਂ ਨਹੀਂ ਟਿਕਦੇ । ਅਜਿਹੇ ਵਿਆਹਾਂ ਵਿੱਚੋਂ ਪਿਆਰ, ਵਿਸ਼ਵਾਸ ਅਤੇ ਸਮਾਜਿਕ ਜ਼ਿੰਮੇਵਾਰੀਆਂ ਕਿਧਰੇ ਖੰਭ ਲਾ ਕੇ ਉੱਡ ਜਾਂਦੀਆਂ ਹਨ।ਪਿਛਲੇ ਕੁੱਝ ਦਿਨਾਂ ਤੋਂ ਸਾਡੇ ਦੇਸ਼ ਵਿੱਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨੇ ਜਿਥੇ ਵਿਆਹ ਵਰਗੇ ਰਿਸ਼ਤਿਆਂ ਨੂੰ ਤਾਰ ਤਾਰ ਕਰਕੇ ਰੱਖ ਦਿੱਤਾ ਉਥੇ ਸਮਾਜ਼ ਸਾਹਮਣੇ ਟੁੱਟ ਰਹੇ ਵਿਆਹਾਂ ਦੀ ਸਮੱਸਿਆ ਨੂੰ ਵੀ ਗੰਭੀਰਤਾ ਨਾਲ ਉਭਾਰਿਆ ਹੈ।

ਸਭ ਤੋਂ ਪਹਿਲੀ ਘਟਨਾ ਇੰਦੌਰ ਦੇ ਕਾਰੋਬਾਰੀ ਰਾਜਾ ਰਘੂਵੰਸ਼ੀ ਦੀ ਹੈ ਜਿਸਦੀ ਪਤਨੀ ਸੋਨਮ ਨੇ ਮੇਘਾਲਿਆ ਵਿਖੇ ਹਨੀਮੂਨ ਦੌਰਾਨ ਆਪਣੇ ਪ੍ਰੇਮੀ ਅਤੇ ਉਸਦੇ ਦੋਸਤਾਂ ਨਾਲ ਮਿਲਕੇ ਰਾਜਾ ਰਘੂਵੰਸ਼ੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।ਦੂਜੀ ਘਟਨਾ ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਗੁਰੂਸਰ ਦੀ ਹੈ ਜਿਥੇ ਇੱਕ ਔਰਤ ਨੇ ਸਹੁਰੇ ਪਰਿਵਾਰ ਨੂੰ ਰੋਟੀ ਵਿੱਚ ਜਹਿਰ ਪਾ ਕੇ ਖੁਆ ਦਿੱਤਾ।ਤੀਜੀ ਘਟਨਾ ਉੱਤਰ ਪ੍ਰਦੇਸ਼ ਦੇ ਬਦਾਯੂੰ ਦੀ ਹੈ ਜਿਥੇ ਵਿਆਹ ਤੋਂ ਕੁੱਝ ਦਿਨ ਬਾਅਦ ਲਾੜੀ ਆਪਣੇ ਪੁਰਾਣੇ ਪ੍ਰੇਮੀ ਨਾਲ ਭੱਜ ਗਈ,ਇੱਕ ਹੋਰ ਘਟਨਾ ਵਿੱਚ ਮਾਛੀਵਾੜਾ ਵਿਖੇ ਦਾਜ ਲਈ ਸਹੁਰੇ ਪਰਿਵਾਰ ਤੋਂ ਦੁਖੀ ਵਿਆਹੁਤਾ ਵੱਲੋਂ ਆਤਮਦਾਹ ਕੀਤਾ ਗਿਆ, ਜਲੰਧਰ ਵਿਖੇ ਦੋ ਮਹੀਨੇ ਪਹਿਲਾਂ ਵਿਆਹੇ ਨੌਜਵਾਨ ਵੱਲੋਂ ਖੁਦਕੁਸ਼ੀ, ਰਾਜਸਥਾਨ ਦੇ ਅਲਵਰ ਵਿੱਚ ਵਿਆਹੁਤਾ ਨੇ ਪ੍ਰੇਮੀ ਅਤੇ ਉਸ ਦੇ ਸਾਥੀਆਂ ਨਾਲ ਸਾਜ਼ਿਸ਼ ਕਰਕੇ ਆਪਣੇ ਪਤੀ ਦਾ ਕਤਲ ਕੀਤਾ,ਅਜਿਹੀਆਂ ਹਜ਼ਾਰਾਂ ਹੀ ਘਟਨਾਵਾਂ ਹਰ ਰੋਜ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਵਿਆਹੁਤਾ ਜੀਵਨ ਵਿੱਚ ਆ ਰਹੀ ਦਰਾਰ ਅਤੇ ਵਾਪਰ ਰਹੀਆਂ ਅਣਸੁਖਾਵੀਂ ਘਟਨਾਵਾਂ ਰੌਂਗਟੇ ਖੜ੍ਹੇ ਕਰਨ ਦੇ ਨਾਲ ਨਾਲ ਬੁੱਧੀਜੀਵੀਆਂ ਨੂੰ ਚਿੰਤਾ ਅਤੇ ਚਿੰਤਨ ਕਰਨ ਲਈ ਮਜਬੂਰ ਕਰਦੀਆਂ ਹਨ।

ਲਵ ਮੈਰਿਜ ਹੋਵੇ ਜਾਂ ਪਰਿਵਾਰ ਦੀ ਸਹਿਮਤੀ ਨਾਲ ,ਵਿਆਹ ਤਾਂ ਵਿਆਹ ਹੀ ਹੈ,ਇਸਦੀ ਪਵਿੱਤਰਤਾ ਘਟਾਈ ਨਹੀਂ ਜਾ ਸਕਦੀ। ਕੁੱਝ ਲੋਕਾਂ ਦਾ ਕਥਨ ਹੈ ਕਿ ਸਮਾਂ ਬਦਲ ਚੁੱਕਿਆ ਹੈ ਮੁੰਡੇ ਕੁੜੀ ਨੂੰ ਆਪਣਾ ਜੀਵਨ ਸਾਥੀ ਚੁਣਨ ਦਾ ਅਧਿਕਾਰ ਹੈ ਪਰੰਤੂ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਲਵ ਮੈਰਿਜ ਵਿੱਚ ਵੀ ਪਰਿਵਾਰ ਦੀ ਸਹਿਮਤੀ ਲਈ ਜਾ ਸਕਦੀ ਹੈ ਪਰੰਤੂ ਨੌਜਵਾਨ ਪੀੜ੍ਹੀ ਨੂੰ ਇਹ ਸਮਝਣਾ ਹੋਵੇਗਾ ਕਿ ਜਲਦਬਾਜ਼ੀ ਵਿੱਚ ਲਏ ਫ਼ੈਸਲੇ ਅਕਸਰ ਨੁਕਸਾਨ ਪਹੁੰਚਾਉਂਦੇ ਹਨ। ਅਜੋਕੇ ਸਮੇਂ ਵਿੱਚ ਪ੍ਰੇਮ ਵਿਆਹ ਸਟੇਟਸ ਬਣ ਚੁੱਕਿਆ ਹੈ, ਦੇਖਾ ਦੇਖੀ ਹੋ ਰਹੇ ਬਹੁਤ ਸਾਰੇ ਪ੍ਰੇਮ ਵਿਆਹ ਚੰਗੇ ਗੁਣ ਜਾਂ ਸ਼ਖਸੀਅਤ ਨੂੰ ਦੇਖ ਕਿ ਨਹੀਂ , ਸਗੋਂ ਪੈਸੇ ਅਤੇ ਸ਼ੌਹਰਤ ਨੂੰ ਦੇਖ ਕੇ ਹੋ ਰਹੇ ਹਨ। ਮੇਰੇ ਆਪਣੇ ਹੀ ਇੱਕ ਰਿਸ਼ਤੇਦਾਰ ਜਿਸਨੂੰ ਛੇ ਕਿੱਲੇ ਜ਼ਮੀਨ ਆਉਂਦੀ ਸੀ ,ਨੇ ਆਪਣੀ ਧੀ ਦੇ ਵਿਆਹ ਲਈ ਜ਼ਮੀਨ ਵਾਲੇ ਲੜਕੇ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਮੈਂ ਉਸ ਨੂੰ ਇੱਕ ਲੜਕੇ ਦੀ ਦੱਸ ਪਾਈ ਜੋ ਸਰਕਾਰੀ ਨੌਕਰੀ ਲੱਗਿਆ,ਰੱਜ ਕੇ ਸੁਨੱਖਾ ਅਤੇ ਸਾਊ ਸੀ ਪਰੰਤੂ ਉਸ ਕੋਲ ਜ਼ਮੀਨ ਨਹੀਂ ਸੀ। ਮੇਰੇ ਰਿਸ਼ਤੇਦਾਰ ਨੇ ਇਸ ਰਿਸ਼ਤੇ ਨੂੰ ਜਵਾਬ ਦੇ ਦਿੱਤਾ, ਉਹ ਕਹਿੰਦਾ ਇੱਕ ਕੁੜੀ ਹੈ ਮੇਰੇ ਕੋਲ, ਭਾਰਤ ਮਾਲਾ ਪ੍ਰੋਜੈਕਟ ਦੇ ਨਾਲ ਮੇਰੀ ਜ਼ਮੀਨ ਲੱਗਦੀ ਹੈ ,ਵਿਆਹ ਤੇ ਪੈਸਾ ਵੀ ਚੰਗਾ ਲਾ ਦਿਆਂਗੇ ਪ੍ਰੰਤੂ ਰਿਸ਼ਤਾ ਜ਼ਮੀਨ ਵਾਲੇ ਨੂੰ ਹੀ ਕਰਾਂਗੇ। ਆਖ਼ਿਰ ਉਸਨੇ ਪੰਦਰਾਂ ਕਿੱਲਿਆਂ ਦੀ ਮਾਲਕੀ ਵਾਲਾ ਇਕਲੌਤਾ ਮੁੰਡਾ ਲੱਭ ਕੇ ਧੂਮ ਧਾਮ ਨਾਲ ਵਿਆਹ ਕਰ ਦਿੱਤਾ, ਦਾਜ਼ ਵਿੱਚ ਫਾਰਚੂਨਰ ਗੱਡੀ ਵੀ ਦੇ ਦਿੱਤੀ,ਇਹ ਵਿਆਹ ਛੇ ਮਹੀਨੇ ਟਿਕਿਆ ਮੁੰਡਾ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੇ ਰਾਹ ਤੁਰਕੇ ਸਦਾ ਲਈ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ,ਹੁਣ ਉਹ ਪਛਤਾ ਰਿਹਾ ਹੈ ਕਿ ਸਿਰਫ਼ ਜ਼ਮੀਨ ਨੂੰ ਹੀ ਕੁੜੀ ਤੋਰ ਦਿੱਤੀ, ਕੋਈ ਹੋਰ ਅੱਗਾ ਪਿੱਛਾ ਵੀ ਦੇਖ ਲੈਂਦੇ ਤਾਂ ਅੱਜ ਇਹ ਦਿਨ ਨਾ ਦੇਖਣੇ ਪੈਂਦੇ।ਦੌਲਤ ਅਤੇ ਸ਼ੌਹਰਤ ਨਾਲ ਹੋਣ ਵਾਲੇ ਵਿਆਹ ਦੌਲਤ ਅਤੇ ਸ਼ੌਹਰਤ ਦੇ ਜਾਣ ਨਾਲ ਹੀ ਖ਼ਤਮ ਹੋ ਜਾਂਦੇ ਹਨ।ਦੌਲਤ ਦੀ ਨਸ਼ਿਆਈ ਅਜੋਕੀ ਮਾਨਸਿਕਤਾ ਕੁਰਾਹੇ ਪੈ ਚੁੱਕੀ ਹੈ ਜਿਸਨੂੰ ਮੋੜਨਾ ਮੁਸ਼ਿਕਲ ਹੀ ਨਹੀਂ ਸਗੋਂ ਅਸੰਭਵ ਜਾਪਦਾ ਹੈ।

ਟੁੱਟ ਰਹੇ ਵਿਆਹ ਅਤੇ ਪਤੀ ਪਤਨੀ ਦੇ ਰਿਸ਼ਤਿਆਂ ਵਿੱਚ ਆ ਰਹੀ ਨਿਘਾਰ ਦੇ ਕਾਰਣਾਂ ਵੱਲ ਪਰਤੀਏ ਤਾਂ ਆਪਸੀ ਗੱਲਬਾਤ ਦੀ ਅਣਹੋਂਦ ਅਤੇ ਆਪਣੀ ਮੈਂ ਨੂੰ ਬਣਾਈ ਰੱਖਣਾ ਆਪਸੀ ਪਿਆਰ ਨੂੰ ਘਟਾ ਕੇ ਨਫ਼ਰਤ ਪੈਦਾ ਕਰਦਾ ਹੈ। ਪੜ੍ਹੇ ਲਿਖੇ ਅਤੇ ਦੇਸ਼ ਵਿਦੇਸ਼ ਵਿੱਚ ਨਾਮਨਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਵੀ ਪਰਿਵਾਰ ਟੁੱਟਣ ਨੂੰ ਬਚਾਉਣ ਵਿੱਚ ਅਸਮਰਥ ਰਹੀਆਂ ਹਨ। ਬੈਡਮਿੰਟਨ ਖਿਡਾਰੀ ਸਾਇਨਾ ਨੇਹਵਾਲ ਅਤੇ ਪਾਰੂਪੱਲੀ ਕਸ਼ਯਪ ਜਿਨ੍ਹਾਂ ਦਾ ਵਿਆਹ 2018 ਵਿੱਚ ਹੋਇਆ ਸੀ,ਹੁਣ ਅਲੱਗ ਹੋਣਾ ਫੈਸਲਾ ਲਿਆ ਹੈ। ਦੇਸ਼ ਦੀ ਸਰਵ ਉੱਚ ਸੇਵਾ ਆਈ ਏ ਐੱਸ ਵੀ ਪਰਿਵਾਰ ਟੁੱਟਣ ਦਾ ਸੰਤਾਪ ਝੱਲ ਰਹੇ ਹਨ।ਆਈ ਏ ਐੱਸ ਟਾੱਪਰ ਟੀਨਾ ਡਾਬੀ ਅਤੇ ਅਤੁਲ ਆਮਿਰ ਅਜ਼ਹਰ ਵੀ ਵਿਆਹ ਤੋਂ ਤਿੰਨ ਸਾਲ ਬਾਅਦ ਅਲੱਗ ਹੋ ਗਏ।ਇਹ ਵਿਅਕਤੀ ਜ਼ਿੰਦਗੀ ਵਿੱਚ ਤਾਂ ਕਾਮਯਾਬ ਹੋਏ,ਪੈਸਾ ਅਤੇ ਸ਼ੌਹਰਤ ਵੀ ਕਮਾ ਰਹੇ ਹਨ ਪਰੰਤੂ ਸਮਾਜ਼ ਦੀ ਛੋਟੀ ਤੋਂ ਛੋਟੀ ਇਕਾਈ ਪਰਿਵਾਰ ਟੁੱਟਣ ਨੂੰ ਰੋਕਣ ਵਿੱਚ ਅਸਮਰਥ ਰਹੇ ਹਨ।ਇਹ ਸਵਾਲ ਜਵਾਬ ਦੀ ਤਲਾਸ਼ ਕਰਦਾ ਹੈ ਕਿ ਇੱਕ ਆਈ ਏ ਐੱਸ ਅਧਿਕਾਰੀ ਜਿਸ ਤੇ ਜ਼ਿਲ੍ਹੇ ਨੂੰ ਸਾਂਭਣ ਦੀ ਜ਼ਿੰਮੇਵਾਰੀ ਹੁੰਦੀ ਹੈ ਉਹ ਪਰਿਵਾਰ ਨਹੀਂ ਸੰਭਾਲ ਸਕਦਾ ਫ਼ਿਰ ਜ਼ਿਲ੍ਹਾ ਕਿਵੇਂ ਸਾਂਭੇਗਾ?।

ਜ਼ਿੰਦਗੀ ਵਿੱਚ ਪੈਸੇ ਦੀ ਅਹਿਮੀਅਤ ਨੂੰ ਘਟਾਇਆ ਨਹੀਂ ਜਾ ਸਕਦਾ, ਪੈਸਾ ਜ਼ਿੰਦਗੀ ਵਿੱਚ ਕਮਾਉਣਾ ਬਹੁਤ ਜ਼ਰੂਰੀ ਹੈ ਪ੍ਰੰਤੂ ਪੈਸਾ ਸਭ ਕੁੱਝ ਨਹੀਂ। ਪੈਸੇ ਕਮਾਉਣ ਦੀ ਦੌੜ ਵਿੱਚ ਅਸੀਂ ਆਪਣੇ ਪਰਿਵਾਰ ਨੂੰ ਸਮਾਂ ਦੇਣਾ ਭੁੱਲ ਗਏ ਹਾਂ।ਭੌਤਿਕ ਵਸਤਾਂ ਦੀ ਭਾਲ ਵਿੱਚ ਰਿਸ਼ਤਿਆਂ ਨੂੰ ਵਿਸਾਰ ਦਿੱਤਾ ਹੈ।ਪਤੀ ਪਤਨੀ ਕੋਲ ਇੱਕ ਦੂਜੇ ਲਈ ਸਮਾਂ ਨਹੀਂ। ਕਦੇ ਇਕੱਠੇ ਬੈਠ ਕੇ ਬੱਚਿਆਂ ਬਾਰੇ ਨਹੀਂ ਸੋਚਿਆ। ਬੱਚੇ ਮੋਬਾਇਲ ਨੂੰ ਦੋਸਤ ਬਣਾ ਕੇ ਧੁੰਦਲੇ ਭਵਿੱਖ ਨੂੰ ਸੱਦਾ ਦੇ ਰਹੇ ਹਨ ਦੂਜੇ ਪਾਸੇ ਬਜ਼ੁਰਗ ਮਾਪੇ ਇਸ ਕਰਕੇ ਸਲਾਹ ਨਹੀਂ ਦਿੰਦੇ ਕਿਤੇ ਏਸ ਉਮਰੇ ਬੱਚੇ ਬਿਰਧ ਘਰ ਦਾ ਰਾਹ ਨਾ ਦਿਖਾ ਦੇਣ। ਰਿਸ਼ਤਿਆਂ ਵਿੱਚ ਸਹੀ ਅਤੇ ਗ਼ਲਤ ਦੀ ਪਹਿਚਾਣ ਸਮਾਜਿਕ ਮੁੱਲਾਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਜਿਥੇ ਦੋ ਭਾਂਡੇ ਹੁੰਦੇ ਹਨ ਉਥੇ ਖੜਕਦੇ ਵੀ ਰਹਿੰਦੇ ਹਨ ਪਰੰਤੂ ਇਹ ਖੜਕਾ ਘਰ ਤੋਂ ਬਾਹਰ ਨਾ ਹੀ ਜਾਵੇ ਤਾਂ ਚੰਗਾ ਹੈ ਕਿਉਂਕਿ ਜ਼ੇਕਰ ਘਰੋਂ ਬਾਹਰ ਗਿਆ ਤਾਂ ਉਸ ਤੋਂ ਬਾਅਦ ਤਾਂ ਇਹ ਕਾਵਾਂ ਵਾਲੀ ਪੰਚਾਇਤ ਲਈ ਹਾਸੇ ਅਤੇ ਸਮਾਜ਼ ਲਈ ਦੁਖਾਂਤ ਬਣ ਕੇ ਉੱਭਰਦਾ ਹੈ।

ਜਲਦੀ ਵਿਆਹ ਟੁੱਟਣ ਦੇ ਕਾਰਣਾਂ ਵਿੱਚ ਬਾਲ ਵਿਆਹ ਅਤੇ ਦਾਜ ਦੀ ਸਮੱਸਿਆ ਵੀ ਜ਼ਿੰਮੇਵਾਰ ਹੈ। ਵਿਆਹ ਜਿੰਨੀ ਜਲਦੀ ਹੁੰਦੇ ਹਨ ਉਨੀਂ ਹੀ ਜਲਦੀ ਟੁੱਟ ਜਾਂਦੇ ਹਨ।ਦਾਜ ਨਾ ਲਿਆਉਣ ਕਰਕੇ ਪੀੜਤ ਲੜਕੀ ਨੂੰ ਰਿਸ਼ਤਾ ਤੋੜਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ।ਬਾਲ ਵਿਆਹ ਅਤੇ ਦਾਜ ਦੀ ਸਮੱਸਿਆ ਸਮਾਜ਼ ਨੂੰ ਜੋਕ ਵਾਂਗ ਚੁੰਬੜੀਆਂ ਅਜਿਹੀਆਂ ਬਿਮਾਰੀ ਹਨ ਜਿਨ੍ਹਾਂ ਨੂੰ ਜੜ੍ਹੋਂ ਪੁੱਟਣਾ ਅੱਜ ਵੀ ਮੁਸ਼ਿਕਲ ਅਤੇ ਅਸੰਭਵ ਜਾਪਦਾ ਹੈ।ਸੰਵਿਧਾਨ ਅਤੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਬਾਲ ਵਿਆਹ ਕਾਨੂੰਨੀ ਜ਼ੁਰਮ ਹੈ। ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਾ ਭਾਗੀ ਬਣਾ ਕੇ ਸਜ਼ਾ ਮੁਕੱਰਰ ਕਰਦਾ ਹੈ ਪ੍ਰੰਤੂ ਜ਼ਮੀਨੀ ਹਕੀਕਤ ਤਾਂ ਇਹ ਹੈ ਕਿ ਬਾਲ ਵਿਆਹ ਦੀਆਂ ਘਟਨਾਵਾਂ ਰੁਕਣ ਦੀ ਬਜਾਏ ਇਸ ਨੂੰ ਹੋਰ ਹੁਲਾਰਾ ਮਿਲ ਰਿਹਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ ਸੀ ਆਰ ਬੀ)ਦੀ ਰਿਪੋਰਟ ਅਨੁਸਾਰ 2017,2018,2019,2020 ਅਤੇ 2021 ਵਿੱਚ ਦਰਜ਼ ਕੀਤੇ ਗਏ ਬਾਲ ਵਿਆਹ ਦੇ ਕੇਸਾਂ ਦੀ ਗਿਣਤੀ ਕ੍ਰਮਵਾਰ 395,501,523,785, ਅਤੇ 1050ਹੈ।ਇਹ ਰਿਪੋਰਟ ਉਜਾਗਰ ਕਰਦੀ ਹੈ ਕਿ ਪਿਛਲੇ ਪੰਜ ਸਾਲਾਂ (2017 ਤੋਂ ਲੈ ਕੇ 2021 ਤੱਕ)ਬਾਲ ਵਿਆਹ ਦੇ ਕੇਸਾਂ ਵਿੱਚ ਵਾਧਾ ਹੋਇਆ ਹੈ।ਇਸ ਰਿਪੋਰਟ ਵਿੱਚ ਉਹ ਅੰਕੜੇ ਸ਼ਾਮਿਲ ਹਨ ਜਿਸਦੀਆਂ ਪੁਲਿਸ਼ ਦੇ ਕੋਲ਼ ਸ਼ਿਕਾਇਤ ਪਹੁੰਚੀ,ਅਜਿਹੇ ਹੋਰ ਵੀ ਹਜ਼ਾਰਾ ਕੇਸ ਜ਼ਰੂਰ ਹੋਣਗੇ ਜੋ ਪੁਲਿਸ਼ ਦੀਆਂ ਨਜ਼ਰਾਂ ਤੋਂ ਬਚ ਚੁੱਕੇ ਹੋਣਗੇ।ਗ਼ੁਰਬਤ ਅਤੇ ਦੋ ਸਮੇਂ ਦੀ ਰੋਟੀ ਦਾ ਫ਼ਿਕਰ ਕਰਨ ਵਾਲਿਆਂ ਨੂੰ ਆਪਣੀ ਬੱਚੀ ਦੇ ਵਿਆਹ ਦਾ ਫ਼ਿਕਰ ਵੀ ਜਨਮ ਤੋਂ ਹੀ ਪੈ ਜਾਂਦਾ ਹੈ।ਪੁਰਾਤਨ ਅਤੇ ਰੂੜੀਵਾਦੀ ਸੋਚ ਉਹਨਾਂ ਦੇ ਜ਼ਹਿਨ ਵਿੱਚ ਇਸ ਕ਼ਦਰ ਬੈਠ ਚੁੱਕੀ ਹੈ ਕਿ ਉਸ ਨੂੰ ਬਾਹਰ ਕੱਢਣ ਲਈ ਗਿਆਨ ਭਰੀ ਲੋਅ ਦੀ ਜੋਤ ਵੀ ਮੱਧਮ ਹੈ। ਅਸੀਂ ਆਪਣੇ ਖਾਣ ਪੀਣ, ਰਹਿਣ ਸਹਿਣ ਅਤੇ ਕਪੜੇ ਪਾਉਣ ਦਾ ਤਰੀਕਾ ਤਾਂ ਬਦਲ ਲਿਆ ਪ੍ਰੰਤੂ ਸੋਚ ਨਹੀਂ ਬਦਲੀ।ਹੁਣ ਸਮਾਂ ਬਦਲ ਚੁੱਕਿਆ ਹੈ ਅਜੋਕੇ ਸਮੇਂ ਵਿੱਚ ਲੜਕੀਆਂ ਬੁਰਕੇ,ਪਰਦਾ ਪ੍ਰਥਾ ਅਤੇ ਘਰ ਦੀ ਚਾਰ ਦਿਵਾਰੀ ਵਿਚੋਂ ਬਾਹਰ ਨਿਕਲ ਕੇ ਖੁੱਲ੍ਹੇ ਆਸਮਾਨ ਵਿੱਚ ਉਡਾਰੀ ਭਰ ਰਹੀਆਂ ਹਨ। ਕਲਪਨਾ ਚਾਵਲਾ ਅਤੇ ਸੁਨੀਤਾ ਵਿਲੀਅਮਜ਼ ਵੀ ਕਿਸੇ ਦੀਆਂ ਧੀਆਂ ਹਨ ਜ਼ੇਕਰ ਉਹਨਾਂ ਨੂੰ ਮੌਕਾ ਨਾ ਮਿਲਦਾ, ਉਹਨਾਂ ਦਾ ਵੀ ਬਾਲ ਵਿਆਹ ਕਰ ਦਿੱਤਾ ਜਾਂਦਾ ਤਾਂ ਸ਼ਾਇਦ ਅੱਜ ਉਹਨਾਂ ਨੂੰ ਕੋਈ ਨਾ ਯਾਦ ਕਰਦਾ।ਲੜਕਾ ਹੋਵੇ ਜਾਂ ਲੜਕੀ ਉਹਨਾਂ ਦੋਵਾਂ ਨੂੰ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ। ਵਿਆਹ ਉਦੋਂ ਹੀ ਕੀਤਾ ਜਾਵੇ ਜਦੋਂ ਉਹ ਇਹ ਜ਼ਿੰਮੇਵਾਰੀ ਸੰਭਾਲਣ ਦੇ ਕਾਬਿਲ ਹੋਣ।ਇਹ ਠੋਸਿਆ ਨਹੀਂ ਜਾਣਾ ਚਾਹੀਦਾ,ਸਹਿਮਤੀ, ਕਾਨੂੰਨ ਅਤੇ ਸਮਾਜਿਕ ਮੁੱਲਾਂ ਦੀ ਤਰਜ਼ ਤੇ ਖ਼ਰਾ ਹੋਣਾ ਚਾਹੀਦਾ ਹੈ।

ਟੁੱਟ ਰਹੇ ਰਿਸ਼ਤਿਆਂ ਨੂੰ ਦਾਜ਼ ਪ੍ਰਥਾ ਨੇ ਵੀ ਪ੍ਰਭਾਵਿਤ ਕੀਤਾ ਹੈ।ਵਿਆਹ ਵੇਲੇ ਘਰੇਲੂ ਲੋੜੀਂਦੇ ਸਮਾਨ ਤੋਂ ਸ਼ੁਰੂ ਹੋਈ ਰਸਮ ਅੱਜ ਸਟੇਟਸ ਅਤੇ ਸਮਾਜ਼ ਵਿੱਚ ਝੂਠੇ ਮਾਣ ਸਨਮਾਨ ਅਤੇ ਔਖਤੀ ਇੱਜ਼ਤ ਦਾ ਸਵਾਲ ਬਣ ਚੁੱਕੀ ਹੈ।ਦਹੇਜ਼ ਦੀ ਪ੍ਰਥਾ ਨੇ ਅਮੀਰਾਂ ਨੂੰ ਤਾਂ ਹੋਰ ਅਮੀਰ ਜਦਕਿ ਗਰੀਬਾਂ ਨੂੰ ਕੱਖੋਂ ਹੌਲੇ ਕਰ ਦਿੱਤਾ। ਗਰੀਬ ਵੀ ਪੂੰਜੀਪਤੀਆਂ ਵਾਂਗ ਕਰੋੜਾਂ ਰੁਪਏ ਖ਼ਰਚ ਕਰਨਾ ਲੋਚਦਾ ਹੈ ਪ੍ਰੰਤੂ ਜਦੋਂ ਅਜਿਹਾ ਨਹੀਂ ਹੁੰਦਾ ਤਾਂ ਖੁਦਕਸ਼ੀ ਅਤੇ ਤਲਾਕ ਵਰਗੇ ਵਰਤਾਰੇ ਜਨਮ ਲੈਂਦੇਂ ਹਨ।

ਵਿਆਹ ਦੋ ਜਿਸਮਾਂ ਦਾ ਨਹੀਂ ਦੋ ਰੂਹਾਂ ਦਾ ਮੇਲ ਹੈ। ਮੁੰਡੇ ਕੁੜੀ ਨੇ ਹੀ ਤਮਾਮ ਉਮਰ ਸਾਥ ਰਹਿਣਾ ਹੈ।ਵਿਆਹ ਦੇ ਸਮੇਂ ਉਹਨਾਂ ਦੀ ਕੁੰਡਲੀ ਅਤੇ ਗੁਣਾਂ ਦੇ ਮਿਲਣ ਨਾਲੋਂ ਵਿਚਾਰਾਂ ਦਾ ਮਿਲਣਾ ਬਹੁਤ ਜ਼ਰੂਰੀ ਹੈ। ਪੈਸੇ ਨਾਲ ਹੀ ਖੁਸ਼ੀਆਂ ਖਰੀਦੀਆਂ ਜਾਣ ਇਹ ਜ਼ਰੂਰੀ ਨਹੀਂ, ਜਦੋਂ ਸਾਰਾ ਪਰਿਵਾਰ ਇੱਕ ਚੁੱਲ੍ਹੇ ਤੇ ਰੋਟੀ ਪਕਾਵੇ,ਇੱਕ ਛੱਤ ਥੱਲੇ ਰਹੇ, ਜਿਥੇ ਦੁੱਖ ਸੁੱਖ ਦੇ ਹਮਦਰਦੀ ਹੋਣ ਉਥੇ ਹਮੇਸ਼ਾ ਖੁਸ਼ੀਆਂ ਦਾ ਵਾਸ ਰਹਿੰਦਾ ਹੈ। ਆਪਣੇ ਉਹ ਨਹੀਂ ਹੁੰਦੇ ਜੋ ਫੋਟੋ ਵਿੱਚ ਸਾਥ ਹੁੰਦੇ ਹਨ ਸਗੋਂ ਆਪਣੇ ਤਾਂ ਉਹ ਹੁੰਦੇ ਹਨ ਜੋ ਦੁੱਖ ਵਿੱਚ ਸਾਥ ਦਿੰਦੇ ਹਨ। ਪੈਸੇ ਨਾਲ ਮਹਿੰਗਾ ਇਲਾਜ਼ ਤਾਂ ਖਰੀਦਿਆ ਜਾ ਸਕਦਾ ਹੈ ਪਰ ਸਾਂਹ ਨਹੀਂ ਖ਼ਰੀਦੇ ਜਾ ਸਕਦੇ। ਜੀਵਨ ਸਾਥੀ ਦੀ ਚੋਣ ਕਰਨ ਵੇਲੇ ਉਸ ਦੇ ਚਰਿੱਤਰ, ਸੁਭਾਅ, ਅਤੇ ਵਿਚਾਰਧਾਰਾ ਨੂੰ ਜਾਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਇੱਕ ਵਾਰ ਕਦਮ ਪੁੱਟ ਕੇ ਮੁੜ ਪਿੱਛੇ ਪਰਤਣਾ ਮੁਸ਼ਿਕਲ ਹੁੰਦਾ ਹੈ।ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਬਚਾਉਣ ਅਤੇ ਇਸਦੀ ਮਰਿਆਦਾ ਕਾਇਮ ਰੱਖਣ ਲਈ ਸਮਾਜ਼ ਨੂੰ ਆਪਣੀ ਸੋਚ ਬਦਲਣ ਦੇ ਨਾਲ ਨਾਲ ਚਿੰਤਨ ਵੀ ਕਰਨਾ ਹੋਵੇਗਾ ਤਾਂ ਜੋ ਪਿਆਰ , ਸਤਿਕਾਰ ਅਤੇ ਜ਼ਿੰਮੇਵਾਰੀ ਦਾ ਇਹ ਬੰਧਨ ਸਦਾ ਕਾਇਮ ਰਹੇ।